BRAMPTON

**Media Release**

ਤੁਰੰਤ ਰਿਲੀਜ ਲਈ

# ਵੋਟਿੰਗ ਡੇ ਵਾਲੇ ਦਿਨ ਸਮਾਂ ਬਚਾਉਣ ਲਈ ਵੋਟਰਸ ਸੂਚੀ ਦੇਖੋ

ਬ੍ਰੈਂਪਟਨ, ਓਨਟੈਰੀਓ (7 ਸਤੰਬਰ, 2022) – ਸਿਟੀ ਆਫ ਬ੍ਰੈਂਪਟਨ ਸਾਰੇ ਯੋਗ ਮਤਦਾਤਾਵਾਂ ਨੂੰ ਬੇਨਤੀ ਕਰ ਰਹੀ ਹੈ ਕਿ ਉਹ ਯਕੀਨੀ ਬਣਾਉਣ ਕਿ ਉਹ ਵੋਟਰਸ ਸੂਚੀ ਵਿੱਚ ਹਨ। ਯੋਗ ਮਤਦਾਤਾਵਾਂ ਲਈ ਲਾਜ਼ਮੀ ਹੈ ਕਿ ਉਹ 2022 ਦੀਆਂ ਬ੍ਰੈਂਪਟਨ ਮਿਊਨਿਸਿਪਲ ਐਂਡ ਸਕੂਲ ਬੋਰਡ ਚੋਣਾਂ (2022 Brampton Municipal and School Board Election) ਵਿੱਚ ਵੋਟ ਪਾਉਣ ਲਈ ਵੋਟਰਸ ਸੂਚੀ ਵਿੱਚ ਹੋਣ।

ਪ੍ਰਕਿਰਿਆ ਅਸਾਨ ਹੈ। [ਸਿਟੀ ਦੀ ਵੈਬਸਾਈਟ (City's website)] ਤੇ ਜਾਓ, "ਕੀ ਮੈਂ ਵੋਟਰਸ ਸੂਚੀ ਵਿੱਚ ਹਾਂ?" ("Am I on the Voters' List?") ਤੇ ਕਲਿੱਕ ਕਰੋ ਅਤੇ ਇਹ ਦੇਖਣ ਲਈ ਕਿ ਤੁਸੀਂ ਸੂਚੀ ਵਿੱਚ ਹੋ, ਆਪਣਾ ਨਾਮ, ਜਨਮ ਮਿਤੀ ਅਤੇ ਪਤਾ ਦਾਖਲ ਕਰੋ। ਜੇਕਰ ਤੁਹਾਡਾ ਨਾਮ ਸੂਚੀ ਵਿੱਚ ਨਹੀਂ ਹੈ, ਤਾਂ ਤੁਸੀਂ ਔਨਲਾਈਨ ਆਪਣੀ ਜਾਣਕਾਰੀ ਦੀ ਤਸਦੀਕ ਜਾਂ ਉਸਨੂੰ ਅੱਪਡੇਟ ਕਰ ਸਕਦੇ ਹੋ ਜਾਂ ਰਜਿਸਟਰ ਵਿੱਚ ਸ਼ਾਮਲ ਕਰਵਾ ਸਕਦੇ ਹੋ। ਔਨਲਾਈਨ ਰਜਿਸਟਰੇਸ਼ਨ, 15 ਅਕਤੂਬਰ ਨੂੰ ਸ਼ਾਮ 5 ਵਜੇ ਤੱਕ ਉਪਲਬਧ ਹੋਵੇਗੀ।

ਯੋਗ ਮਤਦਾਤਾ ਇਹ ਦੇਖਣ ਲਈ ਸਿਟੀ ਹਾਲ (City Hall) ਵਿਖੇ ਸਿਟੀ ਕਲਰਕ ਦੇ ਦਫਤਰ ਵੀ ਜਾ ਸਕਦੇ ਹਨ ਕਿ ਉਹ ਵੋਟਰਸ ਸੂਚੀ ਵਿੱਚ ਹਨ ਜਾਂ ਨਹੀਂ ਅਤੇ ਜੇਕਰ ਲੋੜ ਹੋਵੇ, ਤਾਂ ਵੋਟਰਸ ਸੂਚੀ ਵਿੱਚ ਸੋਧ ਕਰਨ ਲਈ ਅਰਜ਼ੀ (Application to Amend the Voters' List) ਫਾਰਮ ਵੀ ਪੂਰਾ ਕਰ ਸਕਦੇ ਹਨ। ਮਤਦਾਤਾ, ਕਿਸੇ ਵੀ ਐਡਵਾਂਸ ਵੋਟਿੰਗ (Advance Voting) ਥਾਂ ਵਿਖੇ ਜਾਂ ਵੋਟਿੰਗ ਡੇ (Voting Day) ਵਾਲੇ ਦਿਨ ਵੀ ਫਾਰਮ ਪੂਰਾ ਕਰ ਸਕਦੇ ਹਨ।

ਤੁਸੀਂ ਤਦ ਵੋਟ ਪਾਉਣ ਲਈ ਯੋਗ ਹੋ, ਜੇਕਰ ਤੁਸੀਂ ਕੈਨੇਡਿਅਨ ਨਾਗਰਿਕ ਹੋ, ਵੋਟਿੰਗ ਡੇ ਵਾਲੇ ਦਿਨ ਤੁਹਾਡੀ ਉਮਰ ਘੱਟੋ-ਘੱਟ 18 ਸਾਲ ਹੋਵੇ ਅਤੇ ਬ੍ਰੈਂਪਟਨ ਵਿੱਚ ਰਹਿੰਦੇ ਹੋ (ਜਾਂ ਤੁਸੀਂ ਜਾਂ ਤੁਹਾਡਾ ਜੀਵਨਸਾਥੀ, ਬ੍ਰੈਂਪਟਨ ਵਿੱਚ ਪ੍ਰਾਪਰਟੀ ਦੇ ਮਾਲਕ ਜਾਂ ਕਿਰਾਏਦਾਰ ਹੋ)।

**ਲਿੰਕ**

- ਦੇਖੋ ਕਿ ਕੀ ਤੁਸੀਂ ਵੋਟਰਸ ਸੂਚੀ ਵਿੱਚ ਹੋ (Check if you are on the Voters' List)
- ਮਤਦਾਤਾ ਯੋਗਤਾ (Voter eligibility)
- ਬ੍ਰੈਂਪਟਨ ਵੋਟਸ 2022 (Brampton Votes 2022)

**ਹਵਾਲੇ**

"ਭਾਵੇਂ ਤੁਸੀਂ ਪਿਛਲੀਆਂ ਚੋਣਾਂ ਵਿੱਚ ਵੋਟ ਪਾਈ ਸੀ ਜਾਂ ਸੋਮਵਾਰ, 24 ਅਕਤੂਬਰ ਤੋਂ ਪਹਿਲਾਂ ਤੁਹਾਡੀ ਉਮਰ 18 ਸਾਲ ਹੋ ਰਹੀ ਹੈ, ਫਿਰ ਵੀ ਇਹ ਦੇਖਣਾ ਮਹੱਤਵਪੂਰਣ ਹੈ ਕਿ ਤੁਸੀਂ ਵੋਟਰਸ ਸੂਚੀ ਵਿੱਚ ਹੋ। ਅੱਪ-ਟੂ-ਡੇਟ ਵੋਟਰਸ ਸੂਚੀ ਸਮਾਂ ਬਚਾਉਂਦੀ ਹੈ ਅਤੇ ਬ੍ਰੈਂਪਟਨ ਦੇ ਸਾਰੇ ਮਤਦਾਤਾਵਾਂ ਲਈ ਵੱਧ ਅਸਾਨ ਵੋਟਿੰਗ ਪ੍ਰਕਿਰਿਆ ਨੂੰ ਯੋਗ ਬਣਾਉਂਦੀ ਹੈ।"

*- ਪੀਟਰ ਫੇ (Peter Fay), ਸਿਟੀ ਕਲਰਕ ਐਂਡ ਰਿਟਰਨਿੰਗ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca